# Phone call between Prime Minister Shri NarendraModi and H.E. Mr. Benjamin Netanyahu, Prime Minister of Israel

October 05, 2020

---

# ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਅਤੇ ਇਜ਼ਰਾਈਲੀ ਪ੍ਰਧਾਨ ਮੰਤਰੀ ਮਹਾਮਹਿਮ ਸ਼੍ਰੀ ਬੈਂਜਾਮਿਨ ਨੇਤਨਯਾਹੂ ਦਰਮਿਆਨ ਹੋਈ ਫੋਨ 'ਤੇ ਗੱਲਬਾਤ

5 ਅਕਤੂਬਰ, 2020

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਅੱਜ ਇਜ਼ਰਾਈਲੀ ਪ੍ਰਧਾਨ ਮੰਤਰੀ ਮਹਾਮਹਿਮ ਸ਼੍ਰੀ ਬੈਂਜਾਮਿਨ ਨੇਤਨਯਾਹੂ ਨਾਲ ਫੋਨ 'ਤੇ ਗੱਲਬਾਤ ਕੀਤੀ।

ਪ੍ਰਧਾਨ ਮੰਤਰੀ ਮੋਦੀ ਨੇ ਪ੍ਰਧਾਨ ਮੰਤਰੀ ਨੇਤਨਯਾਹੂ ਅਤੇ ਇਜ਼ਰਾਈਲੀ ਲੋਕਾਂ ਨੂੰ ਯਹੂਦੀਆਂ ਦੇ ਨਵੇਂ ਸਾਲ ਅਤੇ ਯਹੂਦੀ ਤਿਉਹਾਰ ਸੁਕੋਟ ਦੇ ਮੌਕੇ 'ਤੇ ਨਿੱਘੀ ਵਧਾਈ ਦਿੱਤੀ।

ਦੋਨਾਂ ਆਗੂਆਂ ਨੇ COVID -19 ਮਹਾਂਮਾਰੀ ਦੇ ਪਿਛੋਕੜ ਵਿੱਚ ਦੁਵੱਲੇ ਸਹਿਯੋਗ ਦੀ ਪ੍ਰਗਤੀ, ਖ਼ਾਸਕਰ ਖੋਜ, ਡਾਇਗਨੌਸਟਿਕ ਸਾਧਨਾਂ ਦੇ ਫੀਲਡ ਟਰਾਇਲ ਅਤੇ ਟੀਕੇ ਦੇ ਵਿਕਾਸ ਬਾਰੇ, ਦਾ ਮੁਲਾਂਕਣ ਕਰ ਇਸਨੂੰ ਚੰਗਾ ਆਖਿਆ। ਉਨ੍ਹਾਂ ਨੇ ਨਾ ਸਿਰਫ ਦੋਨਾਂ ਦੇਸ਼ਾਂ ਦੇ ਲੋਕਾਂ ਦੇ ਫਾਇਦੇ ਲਈ, ਸਗੋਂ ਸਾਰੀ ਮਨੁੱਖਤਾ ਦੀ ਭਲਾਈ ਲਈ ਇਨ੍ਹਾਂ ਮਹੱਤਵਪੂਰਨ ਖੇਤਰਾਂ ਵਿੱਚ ਨੇੜਲੀ ਭਾਈਵਾਲੀ ਦੀ ਮਹੱਤਤਾ ਉੱਤੇ ਸਹਿਮਤੀ ਪ੍ਰਗਟ ਕੀਤੀ।

ਉਨ੍ਹਾਂ ਪਾਣੀ ਅਤੇ ਖੇਤੀਬਾੜੀ, ਸਿਹਤ ਸੰਭਾਲ, ਵਪਾਰ ਅਤੇ ਸਟਾਰਟ ਅਪ ਅਤੇ ਨਵਾਚਾਰ ਦੇ ਖੇਤਰਾਂ ਵਿੱਚ ਚੱਲ ਰਹੇ ਸਹਿਯੋਗ ਦੀ ਵੀ ਸਮੀਖਿਆ ਕੀਤੀ ਅਤੇ ਇਨ੍ਹਾਂ ਸਬੰਧਾਂ ਨੂੰ ਹੋਰ ਡੂੰਘਾ ਕਰਨ ਬਾਰੇ ਵਿਚਾਰ ਵਟਾਂਦਰੇ ਕੀਤੇ।

ਦੋਨਾਂ ਨੇਤਾਵਾਂ ਨੇ ਉੱਭਰ ਰਹੀਆਂ ਖੇਤਰੀ ਅਤੇ ਕੌਮਾਂਤਰੀ ਚੁਣੌਤੀਆਂ ਅਤੇ ਮੌਕਿਆਂ ਬਾਰੇ ਮੁਲਾਂਕਣ ਸਾਂਝੇ ਕਰਨ ਅਤੇ ਨੇੜਲੀ ਅਤੇ ਮਜ਼ਬੂਤ ਦੁਵੱਲੀ ਰਣਨੀਤਕ ਭਾਈਵਾਲੀ ਨੂੰ ਅੱਗੇ ਵਧਾਉਣ ਲਈ ਮਾਰਗ ਦਰਸ਼ਨ ਦੇਣ ਲਈ ਬਾਕਾਇਦਾ ਸਲਾਹ-ਮਸ਼ਵਰੇ ਜਾਰੀ ਰੱਖਣ ਬਾਰੇ ਸਹਿਮਤੀ ਪ੍ਰਗਟਾਈ।

ਨਵੀਂ ਦਿੱਲੀ
5 ਅਕਤੂਬਰ, 2020

DISCLAIMER: This is an approximate translation. The original is available in English on MEA's website and may be referred to as the official press release.